**ਏਲਕ ਗ੍ਰੋਵ ਯੂਨੀਫਾਈਡ ਸਕੂਲ ਡਿਸਟ੍ਰਿਕਟ**

**(Elk Grove Unified School District)**

# ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ (ਯੂਨੀਫਾਰਮ ਕੰਪਲੇਂਟ ਪ੍ਰੋਸੀਜਰਜ਼ ਜਾਂ UCP) ਦੀ ਸਲਾਨਾ ਸੂਚਨਾ

## 2019 - 2020 ਸਕੂਲੀ ਵਰ੍ਹਾ

**(ਬੋਰਡ ਦੀ ਨੀਤੀ 1312.3)**

**ਵਿਦਿਆਰਥੀਆਂ, ਕਰਮਚਾਰੀਆਂ, ਮਾਪਿਆਂ/ਸਰਪ੍ਰਸਤਾਂ, ਸਕੂਲ ਅਤੇ ਡਿਸਟ੍ਰਿਕਟ ਸਲਾਹਕਾਰੀ ਕਮੇਟੀ ਦੇ ਮੈਂਬਰਾਂ, ਪ੍ਰਾਈਵੇਟ ਸਕੂਲ ਦੇ ਅਧਿਕਾਰੀਆਂ, ਅਤੇ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਲਈ**

ਏਲਕ ਗ੍ਰੋਵ ਯੂਨੀਫਾਈਡ ਸਕੂਲ ਡਿਸਟ੍ਰਿਕਟ ਦੀ ਮੁੱਖ ਜ਼ਿੰਮੇਵਾਰੀ ਹੈ ਸੰਘੀ ਅਤੇ ਪ੍ਰਾਂਤਕ ਕਾਨੂੰਨਾਂ ਅਤੇ ਅਧਿਨਿਯਮਾਂ ਦੀ ਤਾਮੀਲ ਕਰਨੀ। ਅਸੀਂ ਗੈਰ-ਕਾਨੂੰਨੀ ਵਿਤਕਰੇ, ਉਤਪੀੜਨ, ਡਰਾਉਣ, ਅਤੇ ਸਤਾਉਣ ਦੇ ਇਲਜ਼ਾਮਾਂ, ਅਤੇ ਵਿਦਿਅਕ ਪ੍ਰੋਗਰਾਮਾਂ ਨੂੰ ਚਲਾਉਣ ਵਾਲੇ ਪ੍ਰਾਂਤਕ ਜਾਂ ਸੰਘੀ ਕਾਨੂੰਨਾਂ ਦੀ ਉਲੰਘਣਾ, ਅਤੇ ਵਿਦਿਆਰਥੀ ਦੀਆਂ ਗੈਰ-ਕਾਨੂੰਨੀ ਫੀਸਾਂ ਲੈਣ, ਅਤੇ ਸਥਾਨਕ ਨਿਯੰਤ੍ਰਣ ਅਤੇ ਜਵਾਬਦੇਹੀ ਯੋਜਨਾ (ਲੋਕਲ ਕੰਟ੍ਰੋਲ ਐਂਡ ਅਕਾਉਂਟੇਬਿਲਿਟੀ ਪਲਾਨ ਜਾਂ LCAP) ਦੀ ਪਾਲਣਾ ਨਾ ਕਰਨ ਦੇ ਇਲਜ਼ਾਮ ਲਗਾਉਂਦੀਆਂ ਸ਼ਿਕਾਇਤਾਂ ਨਾਲ ਨਿਪਟਣ ਲਈ ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ (ਯੂਨੀਫਾਰਮ ਕੰਪਲੇਂਟ ਪ੍ਰੋਸੀਜਰਜ਼ ਜਾਂ UCP) ਸਥਾਪਤ ਕੀਤੀਆਂ ਹਨ।

ਅਸੀਂ ਏਜੰਸੀ ਦੁਆਰਾ ਆਯੋਜਿਤ ਕੀਤੇ ਗਏ ਕਿਸੇ ਵੀ ਪ੍ਰੋਗਰਾਮ ਜਾਂ ਗਤੀਵਿਧੀ ਵਿੱਚ, ਜਿਸਦੇ ਲਈ ਸਿੱਧਾ ਕਿਸੇ ਸਰਕਾਰੀ ਵਿੱਤੀ ਸਹਾਇਤਾ ਤੋਂ ਫੰਡ ਦਿੱਤਾ ਜਾਂਦਾ ਹੈ, ਜਾਂ ਜਿਸ ਨੂੰ ਕੋਈ ਸਰਕਾਰੀ ਵਿੱਤੀ ਸਹਾਇਤਾ ਮਿਲਦੀ ਹੈ ਜਾਂ ਇਸ ਤੋਂ ਫਾਇਦਾ ਪਹੁੰਚਦਾ ਹੈ, ਕਿਸੇ ਵੀ ਸੁਰੱਖਿਅਤ ਬਣਾਏ ਗਏ ਸਮੂਹ, ਜਿਵੇਂ ਕਿ ਐਜੂਕੇਸ਼ਨ ਕੋਡ ਦੇ ਸੈਕਸ਼ਨ 200 ਅਤੇ 220 ਅਤੇ ਗਵਰਨਮੈਂਟ ਕੋਡ ਦੇ ਸੈਕਸ਼ਨ 11135 ਵਿੱਚ ਪਛਾਣਿਆ ਗਿਆ ਹੈ, ਜਿਸ ਵਿੱਚ ਕੋਈ ਵੀ ਅਸਲ ਜਾਂ ਸਮਝੀਆਂ ਗਈਆਂ ਵਿਸ਼ੇਸ਼ਤਾਵਾਂ ਸ਼ਾਮਲ ਹਨ ਜਿਵੇਂ ਕਿ ਪੀਨਲ ਕੋਡ ਦੇ ਸੈਕਸ਼ਨ 422.55 ਵਿੱਚ ਦੱਸਿਆ ਗਿਆ ਹੈ, ਜਾਂ ਇਹਨਾਂ ਅਸਲ ਜਾਂ ਸਮਝੀਆਂ ਗਈਆਂ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਜਾਂ ਵੱਧ ਵਾਲੇ ਵਿਅਕਤੀ ਜਾਂ ਸਮੂਹ ਦੇ ਨਾਲ ਵਿਅਕਤੀ ਦੇ ਸਬੰਧ ਦੇ ਅਧਾਰ 'ਤੇ, ਦੇ ਵਿਰੁੱਧ ਗੈਰਕਾਨੂੰਨੀ ਵਿਤਕਰੇ, ਉਤਪੀੜਨ, ਡਰਾਉਣ, ਜਾਂ ਸਤਾਉਣ ਦੇ ਇਲਜ਼ਾਮਾਂ ਦੀ ਜਾਂਚ-ਪੜਤਾਲ ਕਰੇਗੀ।

## UCP ਦੇ ਅਧੀਨ ਪ੍ਰੋਗਰਾਮ ਅਤੇ ਗਤੀਵਿਧੀਆਂ

ਹੇਠਾਂ ਦਿੱਤਿਆਂ ਵਿੱਚ ਪ੍ਰਾਂਤਕ ਅਤੇ/ਜਾਂ ਸੰਘੀ ਕਾਨੂੰਨਾਂ ਦੀ ਤਾਮੀਲ ਕਰਨ ਵਿੱਚ ਅਸਫਲਤਾ ਦਾ ਦੋਸ਼ ਲਾਉਂਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਸਮੇਂ ਵੀ UCP ਦੀ ਵਰਤੋਂ ਕੀਤੀ ਜਾਵੇਗੀ:

- ਗਰਭਵਤੀ ਅਤੇ ਪਰਵਰਿਸ਼ ਕਰ ਰਹੇ ਵਿਦਿਆਰਥੀਆਂ ਲਈ ਰਿਹਾਇਸ਼
- ਬਾਲਗ ਸਿੱਖਿਆ
- ਸਕੂਲ ਤੋਂ ਬਾਅਦ ਸਿੱਖਿਆ ਅਤੇ ਸੁਰੱਖਿਆ
- ਖੇਤੀਬਾੜੀ ਕਰੀਅਰ ਟੈਕਨੀਕਲ ਸਿੱਖਿਆ
- ਕੈਰੀਅਰ ਟੈਕਨੀਕਲ ਅਤੇ ਟੈਕਨੀਕਲ ਸਿੱਖਿਆ, ਕੈਰੀਅਰ ਟੈਕਨੀਕਲ, ਟੈਕਨੀਕਲ ਸਿਖਲਾਈ (ਰਾਜ)
- ਕੈਰੀਅਰ ਟੈਕਨੀਕਲ ਸਿੱਖਿਆ (ਸੰਘੀ)
- ਚਾਈਲਡ ਕੇਅਰ ਐਂਡ ਡਿਵੈਲਪਮੈਂਟ (ਬਾਲ ਦੇਖਭਾਲ ਅਤੇ ਵਿਕਾਸ)
- ਪ੍ਰਤਿਪੂਰਕ ਸਿੱਖਿਆ
- ਵਿੱਦਿਅਕ ਸਮੱਗਰੀ ਦੇ ਬਿਨਾਂ ਕੋਰਸ ਦੇ ਪੀਰੀਅਡ

- ਫੋਸਟਰ ਕੇਅਰ ਵਿਚਲੇ ਵਿਦਿਆਰਥੀਆਂ, ਬੇਘਰ ਵਿਦਿਆਰਥੀਆਂ, ਸਾਬਕਾ ਜੁਵੇਨਾਇਲ ਕੋਰਟ ਦੇ ਵਿਦਿਆਰਥੀਆਂ, ਜੋ ਹੁਣ ਸਕੂਲ ਡਿਸਟ੍ਰਿਕਟ ਵਿੱਚ ਦਾਖਲ ਹਨ ਅਤੇ ਮਿਲਿਟਰੀ ਪਰਿਵਾਰਾਂ ਦੇ ਬੱਚਿਆਂ ਦੀ ਸਿੱਖਿਆ
- ਹਰ ਵਿਦਿਆਰਥੀ ਸਫਲ ਹੋਵੇ ਕਨੂੰਨ
- ਸਥਾਨਕ ਨਿਯੰਤ੍ਰਣ ਅਤੇ ਜਵਾਬਦੇਹੀ ਯੋਜਨਾਵਾਂ (LCAP)
- ਮਾਈਗ੍ਰੈਂਟ ਐਜੂਕੇਸ਼ਨ
- ਸਰੀਰਕ ਸਿੱਖਿਆ ਦੀ ਪੜ੍ਹਾਈ ਲਈ ਵਿਵਰਣ
- ਵਿਦਿਆਰਥੀਆਂ ਦੀਆਂ ਫੀਸਾਂ
- ਦੁੱਧ ਚੁੰਘਾ ਰਹੇ ਵਿਦਿਆਰਥੀ ਲਈ ਉਚਿਤ ਅਨੁਕੂਲਤਾਵਾਂ
- ਖੇਤਰੀ ਵਿਵਸਾਇਕ ਕੇਂਦਰ ਅਤੇ ਪ੍ਰੋਗਰਾਮ
- ਵਿਦਿਆਰਥੀ ਪ੍ਰਾਪਤੀ ਲਈ ਸਕੂਲ ਯੋਜਨਾਵਾਂ
- ਸਕੂਲ ਦੀਆਂ ਸੁਰੱਖਿਆ ਯੋਜਨਾਵਾਂ
- ਸਕੂਲ ਸਾਈਟ ਕਾਉਂਸਿਲਾਂ
- ਸਟੇਟ ਪ੍ਰੀਸਕੂਲ
- ਲਾਇਸੈਂਸ ਤੋਂ ਮੁਕਤ LEAs ਵਿੱਚ ਰਾਜ ਪ੍ਰੀਸਕੂਲ ਸਿਹਤ ਅਤੇ ਸੁਰੱਖਿਆ ਦੇ ਮੁੱਦੇ

## ਵਿਦਿਆਰਥੀਆਂ ਦੀਆਂ ਫੀਸਾਂ

ਵਿਦਿਆਰਥੀ ਫੀਸ ਵਿੱਚ ਹੇਠਾਂ ਦਿੱਤੀਆਂ ਸਾਰੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ ਪਰ ਇਹ ਇਹਨਾਂ ਤਕ ਹੀ ਸੀਮਿਤ ਨਹੀਂ ਹੈ:

1. ਸਕੂਲ ਜਾਂ ਕਲਾਸਾਂ ਵਾਸਤੇ ਰਜਿਸਟਰ ਕਰਨ ਲਈ ਸ਼ਰਤ ਵੱਜੋਂ, ਜਾਂ ਕਿਸੇ ਕਲਾਸ ਜਾਂ ਪਾਠਕ੍ਰਮ ਤੋਂ ਬਾਹਰਲੀ ਗਤੀਵਿਧੀ ਵਿੱਚ ਹਿੱਸਾ ਲੈਣ ਲਈ ਵਿਦਿਆਰਥੀ ਤੋਂ ਲਈ ਜਾਣ ਵਾਲੀ ਫੀਸ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਲਾਸ ਜਾਂ ਗਤੀਵਿਧੀ ਚੋਣਵੀਂ ਹੈ ਜਾਂ ਲਾਜ਼ਮੀ, ਜਾਂ ਕ੍ਰੈਡਿਟ ਵਾਸਤੇ ਹੈ।

2. ਜ਼ਮਾਨਤੀ ਜਮ੍ਹਾਂ ਰਾਸ਼ੀ, ਜਾਂ ਹੋਰ ਭੁਗਤਾਨ, ਜੋ ਵਿਦਿਆਰਥੀ ਨੂੰ ਤਾਲਾ, ਲਾਕਰ, ਕਿਤਾਬ, ਕਲਾਸ ਦਾ ਯੰਤਰ, ਸੰਗੀਤ ਸਾਜ, ਕੱਪੜੇ, ਜਾਂ ਹੋਰ ਸਮੱਗਰੀਆਂ ਜਾਂ ਉਪਕਰਣ ਹਾਸਲ ਕਰਨ ਲਈ ਵਿਦਿਆਰਥੀ ਨੂੰ ਦੇਣ ਦੀ ਲੋੜ ਹੁੰਦੀ ਹੈ।

3. ਕੋਈ ਖਰੀਦਦਾਰੀ ਜੋ ਵਿਦਿਆਰਥੀ ਨੂੰ ਕਿਸੇ ਵਿਦਿਅਕ ਗਤੀਵਿਧੀ ਨਾਲ ਜੁੜੀਆਂ ਸਮੱਗਰੀਆਂ, ਸਪਲਾਈਆਂ, ਉਪਕਰਣ, ਜਾਂ ਕੱਪੜੇ ਹਾਸਲ ਕਰਨ ਲਈ ਕਰਨ ਦੀ ਲੋੜ ਹੁੰਦੀ ਹੈ।

ਵਿਦਿਆਰਥੀ ਦੀਆਂ ਫੀਸਾਂ ਜਾਂ LCAP ਬਾਰੇ ਸ਼ਿਕਾਇਤ ਸਕੂਲ ਦੇ ਪ੍ਰਿੰਸੀਪਲ ਕੋਲ ਜਾਂ ਸਾਡੇ ਸੁਪਰਿਨਟੇਨਡੇਂਟ ਜਾਂ ਉਸਦੇ ਮਨੋਨੀਤ ਵਿਅਕਤੀ ਕੋਲ ਦਾਇਰ ਕੀਤੀ ਜਾ ਸਕਦੀ ਹੈ। ਵਿਦਿਆਰਥੀਆਂ ਦੀਆਂ ਫੀਸਾਂ ਅਤੇ/ਜਾਂ LCAP ਬਾਰੇ ਸ਼ਿਕਾਇਤ ਗੁਮਨਾਮ ਰੂਪ ਵਿੱਚ ਦਾਇਰ ਕੀਤੀ ਜਾ ਸਕਦੀ ਹੈ, ਪਰ ਸ਼ਿਕਾਇਤਕਰਤਾ ਨੂੰ ਅਜਿਹਾ ਸਬੂਤ ਜਾਂ ਜਾਣਕਾਰੀ ਜ਼ਰੂਰ ਮੁਹੱਈਆ ਕਰਨੀ ਚਾਹੀਦੀ ਹੈ ਜਿਸਦੇ ਨਤੀਜੇ ਵੱਜੋਂ ਸ਼ਿਕਾਇਤ ਦੇ ਸਮਰਥਨ ਵਿੱਚ ਸਬੂਤ ਮਿਲਦਾ ਹੋਵੇ।

ਸਾਡੀ ਡਿਸਟ੍ਰਿਕਟ ਵਿੱਚ ਕਿਸੇ ਪਬਲਿਕ ਸਕੂਲ ਵਿੱਚ ਦਾਖਲ ਵਿਦਿਆਰਥੀ ਨੂੰ ਕਿਸੇ ਵਿੱਦਿਅਕ ਗਤੀਵਿਧੀ ਵਿੱਚ ਹਿੱਸਾ ਲੈਣ ਲਈ ਵਿਦਿਆਰਥੀ ਫੀਸ ਦੇਣ ਦੀ ਲੋੜ ਨਹੀਂ ਹੋਵੇਗੀ।



ਵਿਦਿਆਰਥੀ ਦੀ ਫੀਸ ਸਬੰਧੀ ਕੋਈ ਸ਼ਿਕਾਇਤ, ਕਥਿਤ ਉਲੰਘਣਾ ਹੋਣ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ ਦਾਇਰ ਕੀਤੀ ਜਾਣੀ ਚਾਹੀਦੀ ਹੈ।

## ਵਾਧੂ ਜਾਣਕਾਰੀ

ਅਸੀਂ ਫੋਸਟਰ ਅਤੇ ਬੇਘਰ ਨੌਜਵਾਨਾਂ, ਸਾਬਕਾ ਜੁਵੇਨਾਇਲ ਕੋਰਟ ਦੇ ਵਿਦਿਆਰਥੀਆਂ ਜੋ ਹੁਣ ਸਕੂਲ ਡਿਸਟ੍ਰਿਕਟ ਵਿੱਚ ਦਾਖਲ ਹਨ, ਅਤੇ ਮਿਲਿਟਰੀ ਪਰਿਵਾਰਾਂ ਦੇ ਬੱਚਿਆਂ ਦੇ ਵਿੱਦਿਅਕ ਹੱਕਾਂ ਦਾ ਇੱਕ ਮਿਆਰੀਕ੍ਰਿਤ ਨੋਟਿਸ ਪੋਸਟ ਕਰਾਂਗੇ, ਜਿਵੇਂ ਕਿ ਐਜੂਕੇਸ਼ਨ ਕੋਡ ਦੇ ਸੈਕਸ਼ਨਾਂ 48645.7, 48853, 48853.5, 49069.5, 51225.1 ਅਤੇ 51225.2 ਵਿੱਚ ਦਿੱਤਾ ਗਿਆ ਹੈ। ਇਸ ਨੋਟਿਸ ਵਿੱਚ, ਜਿਵੇਂ ਲਾਗੂ ਹੁੰਦਾ ਹੋਵੇ, ਸ਼ਿਕਾਇਤ ਪ੍ਰਕਿਰਿਆ ਬਾਰੇ ਜਾਣਕਾਰੀ ਸ਼ਾਮਲ ਹੈ

## ਸੰਪਰਕ ਕਰਨ ਦੀ ਜਾਣਕਾਰੀ

ਵਿਦਿਆਰਥੀ ਫੀਸਾਂ ਨਾਲ ਸੰਬੰਧਿਤ ਮੁੱਦਿਆਂ ਤੋਂ ਇਲਾਵਾ ਦੂਜੀਆਂ ਸ਼ਿਕਾਇਤਾਂ ਲਾਜ਼ਮੀ ਤੌਰ 'ਤੇ ਹੇਠ ਦਿੱਤੇ ਸ਼ਿਕਾਇਤਾਂ ਪ੍ਰਾਪਤ ਕਰਨ ਲਈ ਮਨੋਨੀਤ ਵਿਅਕਤੀ ਕੋਲ ਲਿਖਤੀ ਰੂਪ ਵਿੱਚ ਦਾਇਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ:

ਨਾਮ ਜਾਂ ਅਹੁਦਾ: ਕਾਨੂੰਨੀ ਪਾਲਣਾ ਵਿਸ਼ੇਸ਼ੱਗ
ਯੂਨਿਟ ਜਾਂ ਆਫਿਸ: ਹਿਊਮਨ ਰਿਸੋਰਸਿਜ਼
ਪਤਾ: Human Resources Department, Elk Grove Unified School District, 9510 Elk Grove-Florin Road, Elk Grove, CA 95624
ਫੋਨ: (916) 686-7795 ਈ-ਮੇਲ ਪਤਾ: legalcompliance@egusd.net

ਉਪਰੋਕਤ, ਪਾਲਣਾ ਅਤੇ ਜਾਂਚ ਲਈ ਜ਼ਿੰਮੇਵਾਰ ਨੂੰ, ਕਾਨੂੰਨਾਂ ਅਤੇ ਜਾਂਚਾਂ ਲਈ ਨਿਰਧਾਰਤ ਪ੍ਰੋਗਰਾਮਾਂ ਬਾਰੇ ਜਾਣਕਾਰੀ ਹੁੰਦੀ ਹੈ।

ਪਾਲਣਾ ਕਰਨ ਵਾਲਾ ਅਧਿਕਾਰੀ ਜਿਹੜਾ ਸ਼ਿਕਾਇਤ ਪ੍ਰਾਪਤ ਕਰਦਾ ਹੈ ਉਹ ਸ਼ਿਕਾਇਤ ਦੀ ਜਾਂਚ ਕਰਨ ਅਤੇ ਹੱਲ ਕਰਨ ਲਈ ਇਹ ਕਿਸੇ ਹੋਰ ਪਾਲਣਾ ਅਧਿਕਾਰੀ ਨੂੰ ਸੌਂਪ ਸਕਦਾ ਹੈ। ਜੇ ਸ਼ਿਕਾਇਤ ਕਿਸੇ ਹੋਰ ਪਾਲਣਾ ਅਧਿਕਾਰੀ ਨੂੰ ਸੌਂਪੀ ਜਾਂਦੀ ਹੈ, ਤਾਂ ਜੇ ਲਾਗੂ ਹੁੰਦਾ ਹੋਵੇ, ਤਾਂ ਪਾਲਣਾ ਅਧਿਕਾਰੀ ਤੁਰੰਤ ਸ਼ਿਕਾਇਤਕਰਤਾ ਅਤੇ ਪ੍ਰਤਿਵਾਦੀ ਨੂੰ ਸੂਚਿਤ ਕਰੇਗਾ।

ਵਿਦਿਆਰਥੀ ਦੀਆਂ ਫੀਸਾਂ ਬਾਰੇ ਸ਼ਿਕਾਇਤ ਸੁਪਰਿਨਟੈਨਡੰਟ ਜਾਂ ਉਸਦੇ ਮਨੋਨੀਤ ਵਿਅਕਤੀ ਕੋਲ ਅਤੇ/ਜਾਂ ਸਕੂਲ ਦੇ ਪ੍ਰਿੰਸੀਪਲ ਕੋਲ ਦਾਇਰ ਕੀਤੀ ਜਾਂਦੀ ਹੈ।

ਵਿਤਕਰੇ, ਉਤਪੀੜਨ, ਡਰਾਉਣ, ਜਾਂ ਸਤਾਉਣ ਦਾ ਇਲਜ਼ਾਮ ਲਾਉਂਦੀਆਂ ਸ਼ਿਕਾਇਤਾਂ ਲਾਜ਼ਮੀ ਤੌਰ 'ਤੇ ਕਥਿਤ ਵਿਤਕਰੇ, ਉਤਪੀੜਨ, ਡਰਾਉਣ, ਜਾਂ ਸਤਾਉਣ ਵਾਪਰਨ ਦੀ ਤਾਰੀਖ ਜਾਂ ਸ਼ਿਕਾਇਤ ਕਰਤਾ ਨੂੰ ਪਹਿਲੀ ਵਾਰੀ ਕਥਿਤ ਵਿਤਕਰੇ, ਉਤਪੀੜਨ, ਡਰਾਉਣ, ਜਾਂ ਸਤਾਉਣ ਦੇ ਤੱਥਾਂ

ਬਾਰੇ ਜਾਣਕਾਰੀ ਮਿਲਣ ਦੀ ਤਾਰੀਖ ਦੇ ਛੇ (6) ਮਹੀਨਿਆਂ ਅੰਦਰ ਦਾਇਰ ਕਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਜਦ ਤਕ ਦਾਇਰ ਕੀਤੇ ਜਾਣ ਦੇ ਸਮੇਂ ਨੂੰ ਸੁਪਰਿਨਟੇਨਡੇਂਟ ਜਾਂ ਉਸਦੇ ਮਨੋਨੀਤ ਵਿਅਕਤੀ ਦੁਆਰਾ ਵਧਾ ਨਹੀਂ ਦਿੱਤਾ ਜਾਂਦਾ।



ਸ਼ਿਕਾਇਤਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਸ਼ਿਕਾਇਤ ਮਿਲਣ ਦੇ ਸੱਠ (60) ਦਿਨਾਂ ਦੇ ਅੰਦਰ ਇੱਕ ਲਿਖਤੀ ਫੈਸਲਾ ਜਾਂ ਰਿਪੋਰਟ ਸ਼ਿਕਾਇਤ ਕਰਤਾ ਨੂੰ ਭੇਜੀ ਜਾਵੇਗੀ। ਸ਼ਿਕਾਇਤ ਕਰਤਾ ਦੀ ਲਿਖਤੀ ਸਹਿਮਤੀ ਦੁਆਰਾ ਇਸ ਸਮਾਂ ਮਿਆਦ ਨੂੰ ਵਧਾਇਆ ਜਾ ਸਕਦਾ ਹੈ। ਸ਼ਿਕਾਇਤ ਦੀ ਜਾਂਚ ਕਰਨ ਲਈ ਜਿੰਮੇਵਾਰ ਵਿਅਕਤੀ, ਸ਼ੈਕਸ਼ਨ 4621 ਤਹਿਤ ਅਪਣਾਈਆਂ ਸਥਾਨਕ ਪ੍ਰਕਿਰਿਆਵਾਂ ਅਨੁਸਾਰ ਜਾਂਚ ਦਾ ਸੰਚਾਲਨ ਕਰੇਗਾ ਅਤੇ ਇਸਨੂੰ ਪੂਰਾ ਕਰੇਗਾ।

ਸ਼ਿਕਾਇਤ ਕਰਤਾ ਨੂੰ ਸਾਡਾ ਫੈਸਲਾ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਇੱਕ ਲਿਖਤੀ ਅਪੀਲ ਦਾਇਰ ਕਰ ਕੇ, ਕੈਲੀਫੋਰਨੀਆ ਡਿਪਾਰਟਮੈਂਟ ਆਫ ਐਜੂਕੇਸ਼ਨ (CDE) ਕੋਲ ਵਿਸ਼ੇਸ਼ ਪ੍ਰੋਗਰਾਮ ਲਈ ਵਿਦਿਆਰਥੀ ਦੀਆਂ ਫੀਸਾਂ ਅਤੇ LCAP ਦੇ ਸਬੰਧ ਵਿੱਚ ਸ਼ਿਕਾਇਤਾਂ ਦੇ ਸਾਡੇ ਫੈਸਲੇ ਖਿਲਾਫ਼ ਅਪੀਲ ਕਰਨ ਦਾ ਅਧਿਕਾਰ ਹੈ। ਅਪੀਲ ਦੇ ਨਾਲ ਮੂਲ ਰੂਪ ਵਿੱਚ ਦਾਇਰ ਕੀਤੀ ਸ਼ਿਕਾਇਤ ਦੀ ਕਾਪੀ ਅਤੇ ਸਾਡੇ ਫੈਸਲੇ ਦੀ ਕਾਪੀ ਜ਼ਰੂਰ ਹੋਣੀ ਚਾਹੀਦੀ ਹੈ।

ਸ਼ਿਕਾਇਤਕਰਤਾ ਨੂੰ ਦਿਵਾਨੀ ਕਾਨੂੰਨ ਵਿਚਲੇ ਉਪਾਵਾਂ ਬਾਰੇ ਦੱਸਿਆ ਜਾਂਦਾ ਹੈ, ਜਿਨ੍ਹਾਂ ਵਿੱਚ ਇਨਜਕਸ਼ਨਾਂ, ਰੋਕ ਦੇ ਆਦੇਸ਼, ਜਾਂ ਦੂਜੇ ਉਪਾਅ ਜਾਂ ਆਦੇਸ਼ ਸ਼ਾਮਲ ਹੋ ਸਕਦੇ ਹਨ ਜੋ ਸ਼ਾਇਦ ਪ੍ਰਾਂਤਕ ਜਾਂ ਸੰਘੀ ਵਿਤਕਰਾ, ਉਤਪੀੜਨ, ਡਰਾਉਣ ਜਾਂ ਸਤਾਉਣ ਦੇ ਕਾਨੂੰਨਾਂ ਦੇ ਅੰਦਰ ਉਪਲਬਧ ਹੋ ਸਕਦੇ ਹਨ, ਜੇ ਇਹ ਲਾਗੂ ਹੁੰਦਾ ਹੋਵੇ, ਪਰ ਇਹ ਇਹਨਾਂ ਤਕ ਹੀ ਸੀਮਿਤ ਨਹੀਂ ਹਨ।

ਲਿਖਤੀ ਸ਼ਿਕਾਇਤਾਂ ਦੀ ਪ੍ਰਕਿਰਿਆ ਦੇ ਬਾਵਜੂਦ, ਕੋਈ ਵੀ ਵਿਅਕਤੀ ਜਿਹੜਾ ਮੰਨਦਾ ਹੈ ਕਿ ਉਸ ਨਾਲ ਜਾਂ ਕਿਸੇ ਹੋਰ ਵਿਦਿਆਰਥੀ ਜਾਂ ਸਮੂਹ ਨਾਲ ਗੈਰਕਾਨੂੰਨੀ ਵਿਤਕਰਾ ਹੋਇਆ ਹੈ, ਤਾਂ ਉਹ ਮੌਖਿਕ ਤੌਰ 'ਤੇ ਸ਼ਾਮਲ ਵਿਦਿਆਰਥੀ ਦੇ ਅਧਿਆਪਕ (ਜਾਂ ਕਥਿਤ ਸਮੂਹ ਵਿੱਚ ਕਿਸੇ ਵਿਦਿਆਰਥੀ ਦੇ ਅਧਿਆਪਕ), ਜਾਂ ਜਿੱਥੇ ਕਥਿਤ ਤੌਰ 'ਤੇ ਵਿਤਕਰਾ ਹੋਇਆ ਉਸ ਸਕੂਲ ਦੀ ਸਾਈਟ ਦੇ ਪ੍ਰਿੰਸੀਪਲ, ਜਾਂ ਪ੍ਰਿੰਸੀਪਲ ਦੇ ਮਨੋਨੀਤ ਵਿਅਕਤੀ ਨੂੰ ਕਥਿਤ ਵਿਤਕਰੇ ਦੀ ਰਿਪੋਰਟ ਦੇ ਸਕਦਾ ਹੈ। ਪ੍ਰਿੰਸੀਪਲ ਜਾਂ ਪ੍ਰਿੰਸੀਪਲ ਦਾ ਮਨੋਨੀਤ ਵਿਅਕਤੀ, ਰਿਪੋਰਟ ਦਾ ਫਾਲੋ-ਅੱਪ ਕਰਨ ਦੀ ਪ੍ਰਕਿਰਿਆ ਵਿੱਚ, ਰਿਪੋਰਟ ਕਰਨ ਵਾਲੇ ਵਿਅਕਤੀ ਨੂੰ ਲਿਖਤੀ ਸ਼ਿਕਾਇਤ ਦਰਜ ਕਰਨ ਦੇ ਅਧਿਕਾਰ ਬਾਰੇ ਸੂਚਿਤ ਕਰੇਗਾ। ਜੇ ਮੌਖਿਕ ਰਿਪੋਰਟ ਤਿਆਰ ਕਰਨ ਵਾਲਾ ਵਿਅਕਤੀ ਲਿਖਤੀ ਸ਼ਿਕਾਇਤ ਦਰਜ ਕਰਾਉਣਾ ਨਹੀਂ ਚਾਹੁੰਦਾ, ਆਪਣੀ ਪਛਾਣ ਨਹੀਂ ਦੱਸਣਾ ਚਾਹੁੰਦਾ, ਜਾਂ ਅਪਰਾਧੀਆਂ ਦੇ ਨਾਮ ਨਹੀਂ ਦਿੰਦਾ, ਤਾਂ ਇਲਜ਼ਾਮਾਂ ਦੀ ਗੰਭੀਰਤਾ ਅਤੇ ਵਿਦਿਆਰਥੀ ਜਾਂ ਹੋਰਾਂ ਨੂੰ ਭਵਿੱਖ ਦੇ ਨੁਕਸਾਨ ਦੇ ਜੋਖਮ ਦੇ ਅਧਾਰ 'ਤੇ ਸਕੂਲ ਦੀ ਹਾਲੇ ਵੀ ਕਿਸੇ ਤਰੀਕੇ ਨਾਲ ਜਵਾਬ ਦੇਣ ਦੀ ਡਿਊਟੀ ਹੋ ਸਕਦੀ ਹੈ। ਹਾਲਾਂਕਿ, ਜ਼ਿਲ੍ਹੇ ਨੂੰ ਉਪਲਬਧ ਕਰਾਈ ਜਾਣਕਾਰੀ ਦੀ ਘਾਟ ਦੇ ਕਾਰਨ ਇਹਨਾਂ ਚਿੰਤਾਵਾਂ ਦੀ ਜਾਂਚ ਕਰਨ ਅਤੇ/ਜਾਂ ਇਸਦਾ ਜਵਾਬ ਦੇਣ ਦੀ ਹੱਦ ਸੀਮਿਤ ਹੋ ਸਕਦੀ ਹੈ। ਗੈਰਕਾਨੂੰਨੀ ਵਿਤਕਰੇ ਦੀਆਂ ਚਿੰਤਾਵਾਂ ਦੀ ਜ਼ੁਬਾਨੀ ਰਿਪੋਰਟਿੰਗ ਲਈ ਜ਼ਿਲ੍ਹੇ ਦਾ ਜਵਾਬ ਸਥਾਨਕ UCP ਵਿੱਚ ਤੈਅ ਕੀਤੀ ਪ੍ਰਕਿਰਿਆ ਦਾ ਪਾਲਣ ਕਰੇਗਾ।

ਸਾਡੀਆਂ UCP ਸ਼ਿਕਾਇਤਾਂ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਕਾਪੀ ਮੁਫ਼ਤ ਵਿੱਚ ਮਿਲ ਸਕਦੀ ਹੈ ਅਤੇ ਹੇਠਾਂ ਦਿੱਤੇ ਲਿੰਕ 'ਤੇ ਜ਼ਿਲ੍ਹੇ ਦੀ ਵੈੱਬਸਾਈਟ 'ਤੇ ਉਪਲਬਧ ਹੈ: http://www.egusd.net/about/district/policiesproceduresnotices/

ਜ਼ਿਲ੍ਹੇ ਦੀਆਂ ਇਕਸਾਰ ਸ਼ਿਕਾਇਤ ਪ੍ਰਕਿਰਿਆਵਾਂ ਬਾਰੇ ਵਧੇਰੇ ਜਾਣਕਾਰੀ ਲਈ ਜਾਂ ਸ਼ਿਕਾਇਤ ਜਾਂ ਜਾਂਚ ਪ੍ਰਕਿਰਿਆ ਵਿੱਚ ਸਹਾਇਤਾ ਲਈ, ਕਿਰਪਾ ਕਰਕੇ ਹਿਊਮਨ ਰਿਸੋਰਸਿਜ਼ ਵਿਭਾਗ ਵਿੱਚ ਕਨੂੰਨੀ ਪਾਲਣਾ ਦਫ਼ਤਰ ਨਾਲ (916) 686-7795 'ਤੇ ਸੰਪਰਕ ਕਰੋ।